# ਪੰਜਾਬੀ ਸਹਿਜ ਟਾਈਮਜ਼

RNI NO. PBPUN/25/A0354

www.punjabisehajtimes.com
30 Jan 2026 - Page 8

## ਸੁਨਾਮ ਕਾਲਜ 'ਚ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

### • ਐਨਸੀਸੀ ਕੈਡਿਟਾਂ ਨੇ ਵਾਤਾਵਰਨ ਬਚਾਓ ਦਾ ਦਿੱਤਾ ਸੱਦਾ • ਵੋਟ ਦੇ ਅਧਿਕਾਰ ਤੋਂ ਵੀ ਕਰਾਇਆ ਜਾਣੂੰ




ਸੁਨਾਮ, 29 ਜਨਵਰੀ (ਪੰਜਾਬੀ ਸਹਿਜ ਟਾਈਮਜ਼) : ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਐਨਸੀਸੀ ਕੈਡਿਟਾਂ ਨੇ 14 ਪੰਜਾਬ ਬਟਾਲੀਅਨ ਨਾਭਾ ਵੱਲੋਂ ਦਿਤੇ ਗਏ ਦਿਸ਼ਾ ਨਿਰਦੇਸ਼ਾਂ ਤਹਿਤ ਵੱਖ ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ, ਜਿਸ ਵਿੱਚ ਕਾਲਜ ਕੈਂਪਸ ਦੀ ਸਫਾਈ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਕੈਡਿਟਾਂ ਨੇ ਵੋਟਰ ਦਿਵਸ ਅਤੇ ਵਾਤਾਵਰਨ ਨਾਲ ਸੰਬੰਧਿਤ ਪੋਸਟਰ ਬਣਾਕੇ ਵੋਟ ਦੇ ਅਧਿਕਾਰ ਅਤੇ ਵਾਤਾਵਰਨ ਬਚਾਓ ਦਾ ਸੱਦਾ ਦਿੱਤਾ। ਕਾਲਜ ਦੇ ਵਾਈਸ ਪ੍ਰਿੰਸੀਪਲ ਅਚਲਾ ਸਿੰਗਲਾ ਨੇ ਐਨਸੀਸੀ ਕੈਡਿਟਾਂ ਦੀ ਹੌਸਲਾ ਅਫ਼ਜਾਈ ਕਰਦਿਆਂ ਵਿਦਿਆਰਥੀਆਂ ਨੂੰ ਦੇਸ਼ ਸੇਵਾ ਲਈ ਵੀ ਪ੍ਰੇਰਿਤ ਕੀਤਾ। ਐਨਸੀਸੀ ਇਚਾਰਜ ਡਾਕਟਰ ਕੁਲਦੀਪ ਸਿੰਘ ਬਾਹੀਆ ਨੇ ਵਿਦਿਆਰਥੀਆਂ ਨੂੰ ਐਨਸੀਸੀ ਦੇ ਨਾਲ ਸਮਾਜਿਕ ਗਤੀਵਿਧੀਆ ਦਾ ਸੰਬੰਧ ਅਤੇ ਸਮਾਜ ਭਲਾਈ ਲਈ ਆਰਮੀ ਵੱਲੋਂ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾਕਟਰ ਮੀਨਾਕਸ਼ੀ, ਡਾਕਟਰ ਪਰਮਿੰਦਰ ਕੌਰ ਧਾਲੀਵਾਲ, ਡਾਕਟਰ ਰੁਪਾਲੀ ਅਤੇ ਇਰਵਨਜੀਤ ਸਿੰਘ ਹਾਜਰ ਸਨ।

ਪੰਜਾਬੀ ਜਾਗਰਣ



ਐੱਨਸੀਸੀ ਕੈਡਿਟ ਕਾਲਜ ਸਟਾਫ ਨਾਲ ਖੜ੍ਹੇ ਹੋਏ•ਪੰਜਾਬੀ ਜਾਗਰਣ

# ਸੁਨਾਮ ਕਾਲਜ ’ਚ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

**ਦਰਸ਼ਨ ਸਿੰਘ ਚੌਹਾਨ•ਪੰਜਾਬੀ ਜਾਗਰਣ**

- **ਵੋਟਰ ਦਿਵਸ ਤੇ ਵਾਤਾਵਰਨ ਨਾਲ ਸਬੰਧਿਤ ਬਣਾਏ ਪੋਸਟਰ**
- **ਵੋਟ ਦੇ ਅਧਿਕਾਰ, ਵਾਤਾਵਰਨ ਬਚਾਓ ਦਾ ਦਿੱਤਾ ਸੱਦਾ**

**ਸੁਨਾਮ** : ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਐੱਨਸੀਸੀ ਕੈਡਿਟਾ ਨੇ 14 ਪੰਜਾਬ ਬਟਾਲੀਅਨ ਨਾਭਾ ਵੱਲੋਂ ਦਿਤੇ ਗਏ ਦਿਸ਼ਾ ਨਿਰਦੇਸ਼ਾ ਤਹਿਤ ਵੱਖ-ਵੱਖ ਗਤੀਵਿਧੀਆ ਵਿਚ ਹਿੱਸਾ ਲਿਆ, ਜਿਸ ਵਿਚ ਕਾਲਜ ਕੈਂਪਸ ਦੀ ਸਫਾਈ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।

ਕੈਡਿਟਾ ਨੇ ਵੋਟਰ ਦਿਵਸ ਤੇ ਵਾਤਾਵਰਨ ਨਾਲ ਸਬੰਧਿਤ ਪੋਸਟਰ ਬਣਾਕੇ ਵੋਟ ਦੇ ਅਧਿਕਾਰ ਤੇ ਵਾਤਾਵਰਨ ਬਚਾਓ ਦਾ ਸੱਦਾ ਦਿੱਤਾ। ਕਾਲਜ ਦੇ ਵਾਈਸ ਪ੍ਰਿੰਸੀਪਲ ਅਚਲਾ ਸਿੰਗਲਾ ਨੇ ਐੱਨਸੀਸੀ ਕੈਡਿਟਾ ਦੀ ਹੌਸਲਾ ਅਫ਼ਜਾਈ ਕਰਦਿਆ ਵਿਦਿਆਰਥੀਆ ਨੂੰ ਦੇਸ਼ ਸੇਵਾ ਲਈ ਵੀ ਪ੍ਰੇਰਿਤ ਕੀਤਾ। ਐੱਨਸੀਸੀ ਇੰਚਾਰਜ ਡਾ. ਕੁਲਦੀਪ ਸਿੰਘ ਬਾਹੀਆ ਨੇ ਵਿਦਿਆਰਥੀਆ ਨੂੰ ਐੱਨਸੀਸੀ ਦੇ ਨਾਲ ਸਮਾਜਿਕ ਗਤੀਵਿਧੀਆ ਦਾ ਸਬੰਧ ਤੇ ਸਮਾਜ ਭਲਾਈ ਲਈ ਆਰਮੀ ਵੱਲੋਂ ਕੀਤੀਆ ਜਾਂਦੀਆ ਸੇਵਾਵਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਮੀਨਾਕਸ਼ੀ, ਡਾ. ਪਰਮਿੰਦਰ ਕੌਰ ਧਾਲੀਵਾਲ, ਡਾ. ਰੁਪਾਲੀ ਤੇ ਇਰਵਨਜੀਤ ਸਿੰਘ ਹਾਜ਼ਰ ਸਨ।